Sent by mail on 3/1/19 at 11:30 a.m (approx)

<u>ਦਫਤਰ ਪ੍ਰਿੰਸੀਪਲ,ਜੀ.ਕੇ.ਐਸ.ਐਮ.ਸਰਕਾਰੀ ਕਾਲਜ ਟਾਂਡਾ ਉੜਮੁੜ (ਹੁਸ਼ਿਆਰਪੁਰ)।</u>

ਸੇਵਾ ਵਿਖੇ,

ਕਾਰਜਕਾਰੀ ਇੰਜੀਨੀਅਰ ,
ਉਸਾਰੀ ਮੰਡਲ-1 ਭ ਤੇ ਮ
ਹੁਸ਼ਿਆਰਪੁਰ।

ਮੀਮੋ ਨੰ:---02-- ਮਿਤੀ :---3/1/19

ਵਿਸ਼ਾ:- ਕਾਲਜ ਨੂੰ ਪ੍ਰਾਪਤ ਹੋਈ 45,50,132/- ਰੁਪਏ ਦੀ ਰੂਸਾ ਗਰਾਂਟ ਵਿੱਚੋਂ ਉਸਾਰੀ ਕਰਵਾਉਣ ਸਬੰਧੀ ਰਫ ਕਾਸਟ ਐਸਟੀਮੇਟ ਲਈ ਬੇਨਤੀ ਪੱਤਰ।

ਸ਼੍ਰੀ ਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਕਾਲਜ ਨੂੰ ਰੂਸਾ ਗਰਾਂਟ ਤਹਿਤ 45,50,132/- ਰੁਪਏ ਦੀ ਰਕਮ ਪ੍ਰਾਪਤ ਹੋਈ ਹੈ। ਇਸ ਰਕਮ ਨੂੰ ਕਾਲਜ ਵਿੱਚ ਅਕੈਡਮਿਕ ਬਲਾਕ/ਕੰਪਿਊਟਰ ਸੈਂਟਰ ਦੀ ਉਸਾਰੀ ਵਾਸਤੇ ਖਰਚਿਆ ਜਾਣਾ ਹੈ।ਕ੍ਰਿਪਾ ਕਰਕੇ ਇਸ ਤੇ ਹੋਣ ਵਾਲੇ ਖਰਚੇ ਦਾ ਰਫ ਕਾਸਟ ਐਸਟੀਮੇਟ ਦਿੱਤਾ ਜਾਵੇ।

ਇੱਥੇ ਵਿਸ਼ੇਸ ਤੌਰ ਤੇ ਜ਼ਿਕਰਯੋਗ ਹੈ ਕਿ ਵਧੀਕ ਪ੍ਰੋਜੈਕਟ ਡਾਇਰੈਕਟਰ ਰੂਸਾ ਵਲੋਂ ਇਸ ਉਸਾਰੀ ਵਾਸਤੇ ਪ੍ਰਾਪਤ ਹੋਈਆਂ ਹਦਾਇਤਾਂ ਸਬੰਧੀ ਪੱਤਰ ਆਪ ਜੀ ਨੂੰ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ।ਇਸ ਪੱਤਰ ਦੇ ਨੁਕਤਾ ਨੰਬਰ 3 ਅਨੁਸਾਰ ਇਸ ਰਫ ਕਾਸਟ ਐਸਟੀਮੇਟ ਦੀ ਵੈਟਿੰਗ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਟੈਕਨੀਕਲ ਅਡਵਾਈਜ਼ਰ ਤੋਂ ਕਰਵਾਈ ਜਾਵੇ ਅਤੇ ਲੋੜ ਅਨੁਸਾਰ ਆਰਕੀਟੈਕਟ ਵਿਭਾਗ ਪੰਜਾਬ ਤੋਂ ਨਕਸ਼ਾ ਵੀ ਬ਼ਣਾਇਆ ਜਾਵੇ।

ਨੱਥੀ:-ਪੱਤਰ ਦੀ ਫੋਟੋ ਕਾਪੀ

ਪ੍ਰਿੰਸੀਪਲ,
ਜੀ.ਕੇ.ਐਸ.ਐਮ.ਸਰਕਾਰੀ ਕਾਲਜ,
ਟਾਂਡਾ ਉੜਮੁੜ।

CamScanner

ਵੱਲੋਂ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ:1, ਲੋ:ਨਿ:ਵਿ: ਭ ਤੇ ਮ ਸ਼ਾਖਾ,
ਹੁਸ਼ਿਆਰਪੁਰ।

ਵੱਲ

ਪ੍ਰਿੰਸੀਪਲ,
ਜੀ.ਕੇ. ਐਸ.ਐਮ. ਸਰਕਾਰੀ ਕਾਲਜ,
ਟਾਂਡਾ ਉੜਮੁੜ।

ਨੰ: 1244 ਮਿਤੀ: 22/07/19

ਵਿਸ਼ਾ- **ਕਾਲਜ ਨੂੰ ਪ੍ਰਾਪਤ ਹੋਈ 45,50,132/- ਰੁਪਏ ਦੀ ਗ੍ਰਾਂਟ ਵਿੱਚ ਕੰਪਿਊਟਰ ਸੈਂਟਰ ਦੀ ਉਸਾਰੀ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਕੰਪਿਊਟਰ ਸੈਂਟਰ ਦੀ ਉਸਾਰੀ ਦਾ ਅਨੁਮਾਨ ਬਾਬਤ ਰਕਮ 57.94 ਲੱਖ ਰੁਪਏ ਦਾ ਤਿਆਰ ਕਰਕੇ ਭੇਜਿਆ ਜਾਂਦਾ ਹੈ। ਇਸ ਅਨੁਮਾਨ ਵਿੱਚ ਪਬਲਿਕ ਹੈਲਥ, ਬਿਜਲੀ ਦੀਆਂ ਸੇਵਾਵਾਂ ਅਤੇ ਅਪਰੋਚ ਰੋਡ ਦੀ ਪ੍ਰਵੀਜਨ ਲਈ ਗਈ ਹੈ। ਇੱਥੇ ਆਪ ਜੀ ਨੂੰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਗ੍ਰਾਂਟ ਦੀ ਰਕਮ 45,50,132/- ਰੁਪਏ ਵਿੱਚ ਡਰਾਇੰਗਾਂ ਵਿੱਚ ਲਈਆਂ ਗਈਆਂ ਪ੍ਰੋਵੀਜਨਾਂ ਜਿਵੇਂ ਕਿ ਪਬਲਿਕ ਹੈਲਥ/ਟੁਆਲਿਟ ਬਲਾਕ ਦਾ ਕੰਮ 8.22 ਲੱਖ ਵਿੱਚ ਨਹੀਂ ਕੀਤਾ ਜਾ ਸਕੇਗਾ ਅਤੇ ਇਸ ਤੋਂ ਇਲਾਵਾ ਅਪਰੋਚ ਰੋਡ ਦਾ 5.03 ਲੱਖ ਰੁਪਏ ਅਨੁਮਾਨ ਦੀ ਪ੍ਰਾਪਤ ਹੋਈ ਰਾਸ਼ੀ ਮੁਤਾਬਿਕ ਘਟਾ ਦਿੱਤਾ ਜਾਵੇਗਾ।

ਨੱਥੀ/ਅਨੁਮਾਨ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ.1, ਲੋ:ਨਿ:ਵਿ: ਭ ਤੇ ਮ ਸ਼ਾਖਾ,
ਹੁਸ਼ਿਆਰਪੁਰ।

D-Branch

CamScanner

**ANNEXURE -I**

*(All page to be stamped and initial and last page to be signed in FULL with stamp)*

**Payment Advice No.:** C081903037618

| Name of Beneficiary | PFMS Txn ID | Account Number | IFSC/IIN/MICR Code | Aadhaar Number | Amount(In Rs.) |
|---|---|---|---|---|---|
| EXEC ENGG CONST DIV NO 1 PWD BR HSP | C081903038917 | xxxxxxxxxxxx0762 | HDFC0000229 | | 45,50,132.00 |
| | | | | **Total Amount(Rs)** | 45,50,132.00 |

Please acknowledge and do the needful as prescribed by bank to complete transactions.

CamScanner

ਦਫਤਰ ਪ੍ਰਿੰਸੀਪਲ,ਜੀ.ਕੇ.ਐਸ.ਐਮ.ਸਰਕਾਰੀ ਕਾਲਜ ਟਾਂਡਾ ਉੜਮੁੜ (ਹੁਸ਼ਿਆਰਪੁਰ)।

ਸੇਵਾ ਵਿਖੇ,

ਵਧੀਕ ਪ੍ਰੋਜੈਕਟ ਡਾਇਰੈਕਟਰ, ਰੂਸਾ,
ਈ ਬਲਾਕ, ਸੱਤਵੀਂ ਮੰਜਿਲ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਬਿਲਡਿੰਗ,
ਫੇਜ-8, ਮੋਹਾਲੀ।

ਮੀਮੋ ਨੰ:584 ਮਿਤੀ 26/8/19

ਵਿਸ਼ਾ:- ਮਿਤੀ 20.12.2018 ਨੂੰ ਜਾਰੀ ਕੀਤੀ ਗਈ ਗ੍ਰਾਂਟ ਦੇ ਏ.ਸੀ./ਡੀ.ਸੀ.ਬਿੱਲਾਂ ਸਬੰਧੀ।

ਹਵਾਲਾ:- ਆਪ ਜੀ ਦੇ ਪੱਤਰ ਨੰ: 31/5-2018/ਰੂਸਾ/329 ਮਿਤੀ 22-8-2019 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਮਿਤੀ 20-12-2018 ਨੂੰ 45,50,132/- ਰੁਪਏ ਦੀ ਗਰਾਂਟ ਪ੍ਰਾਪਤ ਹੋਈ ਸੀ। ਇਹ ਗਰਾਂਟ ਕਾਲਜ ਵਿੱਚ ਕੰਪਿਊਟਰ ਸੈਂਟਰ ਬਣਵਾਉਣ ਲਈ ਐਗਜੈਕਟਿਵ ਇੰਜੀਨੀਅਰ ਪੀ.ਡਬਲਯੂ.ਡੀ ਹੁਸ਼ਿਆਰਪੁਰ ਨੂੰ ਪੀ.ਐਫ.ਐਮ.ਐਸ ਰਾਹੀਂ ਟਰਾਂਸਫਰ ਕਰ ਦਿੱਤੀ ਗਈ ਹੈ।ਉਕਤ ਕੰਮ ਮੁਕੰਮਲ ਹੋਣ ਤੇ ਇਸ ਦੇ ਏ.ਸੀ/ਡੀ.ਸੀ ਬਿੱਲ ਆਪ ਜੀ ਨੂੰ ਮੁਹੱਈਆਂ ਕਰਵਾ ਦਿੱਤੇ ਜਾਣਗੇ ਜੀ।

ਪ੍ਰਿੰਸੀਪਲ,
ਜੀ.ਕੇ.ਐਸ.ਐਮ.ਸਰਕਾਰੀ ਕਾਲਜ,
ਟਾਂਡਾ ਉੜਮੁੜ (ਹੁਸ਼ਿਆਰਪੁਰ)।

ਦਫਤਰ ਪ੍ਰਿੰਸੀਪਲ,ਜੀ.ਕੇ.ਐਸ.ਐਮ.ਸਰਕਾਰੀ ਕਾਲਜ ਟਾਂਡਾ ਉੜਮੁੜ (ਹੁਸ਼ਿਆਰਪੁਰ)।

ਸੇਵਾ ਵਿਖੇ,

ਕਾਰਜਕਾਰੀ ਇੰਜੀਨੀਅਰ ,
ਉਸਾਰੀ ਮੰਡਲ-1 ਭ ਤੇ ਮ
ਹੁਸ਼ਿਆਰਪੁਰ।।

ਮੀਮੋ ਨੰ:--1570-- ਮਿਤੀ :--15/09/2020

ਵਿਸ਼ਾ:- ਕਾਲਜ ਵਿਖੇ ਕੰਪਿਊਟਰ ਸੈਂਟਰ ਦੀ ਇਮਾਰਤ ਦੀ ਉਸਾਰੀ ਮੁਕੰਮਲ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਆਪ ਜੀ ਨੂੰ ਕਾਲਜ ਵਿਖੇ ਕੰਪਿਊਟਰ ਸੈਂਟਰ ਦੀ ਉਸਾਰੀ ਵਾਸਤੇ ਬਣਦੇ ਖਰਚੇ ਦੀ ਰਕਮ 45,50,132/- ਰੁਪਏ ਦੀ ਅਦਾਇਗੀ ਮਿਤੀ 07-08-2019 ਨੂੰ ਕੀਤੀ ਗਈ ਸੀ ਜਿਸ ਦਾ ਉਸਾਰੀ ਦਾ ਕੰਮ ਕਾਲਜ ਵਲੋਂ ਭੇਜੇ ਗਏ ਯਾਦ ਪੱਤਰਾਂ ਮੀਮੋ ਨੰ:611 ਮਿਤੀ 09-09-2019,ਮੀਮੋ ਨੰ: 712-13 ਮਿਤੀ 04-10-2019 ਅਤੇ ਮੀਮੋ ਨੰ:793 ਮਿਤੀ 18-11-2019 ਉਪਰੰਤ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਪਰ ਇਹ ਉਸਾਰੀ ਦਾ ਕੰਮ ਅੱਜ ਮਿਤੀ 15-09-2020 ਤੱਕ ਵੀ ਪੂਰਾ ਨਹੀਂ ਹੋਇਆ ਜਦ ਕਿ ਉਸਾਰੀ ਦੀ ਪੂਰੀ ਰਕਮ ਆਪ ਜੀ ਨੂੰ ਅਗੇਤੀ ਹੀ ਅਦਾ ਕਰ ਦਿੱਤੀ ਗਈ ਸੀ। ਪ੍ਰੋਜੈਕਟ ਡਾਇਰੈਕਟਰ ਰੂਸਾ ਵਲੋਂ ਇਸ ਉਸਾਰੀ ਉੱਪਰ ਹੋਏ ਖਰਚੇ ਦੇ ਏ.ਸੀ/ਡੀ.ਸੀ ਬਿੱਲਾਂ ਦੀ ਮੰਗ ਕੀਤੀ ਜਾ ਰਹੀ ਹੈ।ਕ੍ਰਿਪਾ ਕਰਕੇ ਇਹ ਬਿੱਲ ਮੁਹੱਈਆਂ ਕਰਵਾਉਣ ਦੀ ਖੇਚਲ ਕੀਤੀ ਜਾਵੇ ਅਤੇ ਇਹ ਦੱਸਣ ਦੀ ਖੇਚਲ ਵੀ ਕੀਤੀ ਜਾਵੇ ਕਿ ਉਸਾਰੀ ਦਾ ਕੰਮ ਪੂਰਾ ਕਿਉਂ ਨਹੀਂ ਹੋ ਰਿਹਾ ਅਤੇ ਕਦੋਂ ਤੱਕ ਪੂਰਾ ਹੋਵੇਗਾ।

ਪ੍ਰਿੰਸੀਪਲ,
ਜੀ.ਕੇ.ਐਸ.ਐਮ.ਸਰਕਾਰੀ ਕਾਲਜ,
ਟਾਂਡਾ ਉੜਮੁੜ।

ਪਿੱਠ ਅੰਕਣ ਨੰ: ਉਹੀ

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਪ੍ਰਮੁੱਖ ਸਕੱਤਰ ਹਾਇਰ ਐਜੂਕੇਸ਼ਨ ਪੰਜਾਬ ਸਰਕਾਰ ਚੰਡੀਗੜ੍ਹ।
2. ਵਧੀਕ ਪ੍ਰੋਜੈਕਟ ਡਾਇਰੈਕਟਰ, ਰੂਸਾ,ਈ ਬਲਾਕ, ਸੱਤਵੀਂ ਮੰਜਿਲ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਬਿਲਡਿੰਗ, ਫੇਜ-8, ਮੋਹਾਲੀ।

ਪ੍ਰਿੰਸੀਪਲ,
ਜੀ.ਕੇ.ਐਸ.ਐਮ.ਸਰਕਾਰੀ ਕਾਲਜ,
ਟਾਂਡਾ ਉੜਮੁੜ।

CamScanner

ਨੰ:- ੨੫੫ ਮਿਤੀ:- ੨੮-੦੧-੨੦੨੧

## Handing Over/Taking Over Certificate

ਵਿਸ਼ਾ : ਕੰਨਸ. ਆਫ ਕੰਪਿਊਟਰ ਲੈਬ ਐਟ ਜੀ.ਕੇ.ਐਸ.ਐਮ ਗੋਰਮਿੰਟ ਕਾਲਜ ਟਾਂਡਾ ਉੜਮੁੜ (ਜਿਲ੍ਹਾ ਹੁਸ਼ਿਆਰਪੁਰ)

ਉਪਰੋਕਤ ਵਿਸ਼ੇ ਸਬੰਧੀ ਜੀ.ਕੇ.ਐਸ.ਐਮ ਗੋਰਮਿੰਟ ਕਾਲਜ ਟਾਂਡਾ ਵਿਖੇ ਕੰਪਿਊਟਰ ਲੈਬ ਦੀ ਬਣਾਈ ਗਈ ਨਵੀ ਇਮਾਰਤ ਜਿਸ ਵਿੱਚ ਸਿਵਲ ਵਰਕ,ਬਿਜਲੀ ਦਾ ਕੰਮ ਅਤੇ ਪਬਲਿਕ ਹੈਲਥ ਦਾ ਕੰਮ ਤਸੱਲੀ ਬਖਸ ਪਾਏ ਗਏ ਹਨ ।ਇਸ ਲਈ ਇਹ ਇਮਾਰਤ ਕੰਮਪਲੀਟ ਹੋਣ ਉਪਰੰਤ ਜੀ.ਕੇ.ਐਸ.ਐਮ ਗੋਰਮਿੰਟ ਕਾਲਜ ਟਾਂਡਾ ਨੂੰ ਵਰਤੋ ਲਈ ਦਿੱਤੀ ਜਾਂਦੀ ਹੈ ।

**Handing Over**

ਉਪ. ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਲੋ:ਨਿ:ਵਿ:(ਭ ਤੇ ਮ) ਸ਼ਾਖਾ,
ਟਾਂਡਾ ।

**Taking Over**
13/10/21
Principal
G.K.S.M. Govt. College
Tanda